# ਸੰਪਰਕ

ਵਧੇਰੇ ਜਾਣਕਾਰੀ ਲਈ ਐਲਬਰਟਾ ਪਾਰਕਸ ਨੂੰ 1-877-537-2757 ‘ਤੇ ਫੋਨ ਕਰੋ ਜਾਂ albertaparks.ca ‘ਤੇ ਜਾ ਕੇ ਸਾਡਾ ਵੈੱਬਸਾਈਟ ਵੇਖੋ।

ਕੋਈ ਗੈਰ-ਕਾਨੂੰਨੀ ਕਾਰਵਾਈ, ਪਬਲਕਿ ਜਾਂ ਨੀੱਜੀ ਸੁਰੱਖਿਆ ਨੂੰ ਖਤਰੇ, ਗੰਭੀਰ ਰੌਲੇ-ਰੱਪੇ ਦੀਆਂ ਸ਼ਕਿਾਇਤਾਂ ਅਤੇ ਜੰਗਲੀ ਜੀਵ-ਜੰਤੂਆਂ ਨਾਲ ਖਤਰਨਾਕ ਪ੍ਰਕਾਰ ਦੇ ਸਾਹਮਣੇ ਦੀ ਰਪਿੋਰਟ ਕਰਨ ਵਾਸਤੇ
310- LAND(5236) ‘ਤੇ ਫੋਨ ਕਰੋ।

ਸਾਰੀਆਂ ਐਮਰਜੈਂਸੀਆਂ ਲਈ 911 ‘ਤੇ ਫੋਨ ਕਰੋ।



ਪਜਿਨ ਲੇਕ ਪ੍ਰੋਵੀਂਸ਼ੀਅਲ ਪਾਰਕ ‘ਤੇ ਗੋਲ ਤੰਬੂ

ਕਵਰ ਫੋਟੋ: ਲਾਰੈਂਸ ਲੇਕ ਪ੍ਰੋਵੀਂਸ਼ੀਅਲ
ਰਕ੍ਰਿਈਏਸ਼ਨ ਏਰੀਆ
ਅੱਪਡੇਟ ਕੀਤਾ ਸਤੰਬਰ 2023

Alberta

# ਹਥਿਆਰ ਅਤੇ ਸ਼ਕਿਾਰ ਕਰਨਾਂ

- ਬਹੁਤੀਆਂ ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆਂ ‘ਚ ਸ਼ਕਿਾਰ ਕਰਨ ਅਤੇ ਹਥਿਆਰ ਲਜਿਾਣ ਜਾਂ ਚਲਾਉਣ ਦੀ ਇਜਾਜ਼ਤ ਨਹੀਂ ਹੈ।
- ਜੰਗਲੀ ਪਾਰਕਾਂ ‘ਚ ਸ਼ਕਿਾਰ ਖੇਡਣ ਦੀ ਇਜਾਜ਼ਤ ਨਹੀਂ ਹੈ ਅਤੇ ਕੁਝ ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆਂ ‘ਚ ਸ਼ਕਿਾਰ ਕਰਨ ਦੇ ਕੁਝ ਸੀਮਤ ਸੀਜ਼ਨ ਹਨ। ਇੰਨ੍ਹਾਂ ਥਾਵਾਂ ‘ਤੇ ਸ਼ਕਿਾਰ ਖੇਡਣ ਬਾਰੇ ਜਾਣਕਾਰੀ ਲਈ visit albertaparks.ca/hunting ਵੇਖੋ।
- ਪ੍ਰੋਵੀਂਸ਼ੀਅਲ ਪਾਰਕਾਂ ਅਤੇ ਰਕ੍ਰਿਈਏਸ਼ਨ ਏਰੀਆਂ ‘ਚ ਡਰੈਸੀਂਗ ਗੇਮ ਸਬੰਧੀ albertaparks.ca/hunting ਚੈੱਕ ਕਰੋ।

# ਘੋੜੇ

ਘੋੜਆਿਂ ਅਤੇ ਸਮਾਨ ਲੱਦਣ ਵਾਲੇ ਜਾਨਵਰਾਂ ਦੀ ਵਰਤੋਂ ਏਰੀਆਂ ਅਤੇ ਟਰੇਲਾਂ ਤੱਕ ਸੀਮਤ ਹੈ। ਇਹ ਜਾਣਨ ਲਈ ਕ ਿਕਹਿੜੀਆਂ ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਏ ਘੋੜ ਸਵਾਰੀ ਸਹੂਲਤਾਂ ਮੁਹੱਈਆ ਕਰਦੇ ਹਨ albertaparks.ca/searchactivity ਵੇਖੋ।





# ਪਾਲਤੂ ਜਾਨਵਰ

- ਆਪਣੇ ਪਾਲਤੂ ਜਾਨਵਰ, ਜੰਗਲੀ ਜੀਵਾਂ ਅਤੇ ਹੋਰ ਆਏ ਲੋਕਾਂ ਦੀ ਸੁਰੱਖਿਆ ਲਈ, ਤੁਹਾਨੂੰ ਆਪਣੀ ਫੇਰੀ ਦੌਰਾਨ ਅਤੇ ਜਦੋਂ ਤੁਸੀਂ ਕਸਿੇ ਟਰੇਲ ਦੀ ਵਰਤੋਂ ਕਰ ਰਹੇ ਹੋਵੋ, ਆਪਣੇ ਪਾਲਤੂ ਨੂੰ ਜ਼ਰੂਰ ਪਟਾ/ਰੱਸੀ ਪਾ ਕੇ ਰੱਖਣੀ ਚਾਹੀਦੀ ਹੈ। ਲੀਸ਼/ਰੱਸੀ 2 ਮੀਟਰ ਤੋਂ ਵਧੇਰੇ ਲੰਬੀ ਨਹੀਂ ਹੋਣੀ ਚਾਹੀਦੀ। ਵਧੇਰੇ ਵਸਿਥਾਰ ਲਈ albertaparks.ca/dogs ਚੈੱਕ ਕਰੋ।
- ਡਸਿਏਬਲਿਟੀਆਂ ਵਾਲੇ ਲੋਕਾਂ ਦਾ ਸਾਥ ਕਰ ਰਹੇ ਸਰਟੀਫਾਈਡ ਸਾਥੀ ਕੁੱਤਆਿਂ ਨੂੰ ਛੱਡ ਕੇ, ਪਾਲਤੂ ਜਾਨਵਰਾਂ ਨੂੰ ਪਬਲਕਿ ਬੀਚਾਂ, ਪਬਲਕਿ ਸਵੀਂਗੀਂਗ ਏਰੀਆਂ ਅਤੇ ਪਬਲਕਿ ਬਲਿਡੀਂਗਾਂ ‘ਚ ਲਜਿਾਣ ਦੀ ਇਜਾਜ਼ਤ ਨਹੀਂ ਹੈ।
- **ਕਰਿਪਾ ਕਰਕੇ ਆਪਣੇ ਪਾਲਤੂ ਦਾ ਮਲ ਚੁੱਕ ਦਉਿ।**
- ਆਏ ਹੋਏ ਹੋਰ ਲੋਕਾਂ ਦਾ ਖਆਿਲ ਰੱਖੋ - ਕਰਿਪਾ ਕਰਕੇ ਯਕੀਨੀ ਬਣਾਉ ਕ ਿਤੁਹਾਡਾ ਕੁੱਤਾ ਬਹੁਤ ਜ਼ਆਿਦਾ ਨਾ ਭੌਂਕਦਾ ਹੋਵੇ।

# ਸਾਰੇ ਨਯਿਮਾਂ ਦੀ ਪਾਲਣਾ ਕਰੋ

ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆਂ ‘ਚ ਨਯਿਮਾਂ ਦੀ ਪਾਲਣਾ ਨਾ ਕਰਨ ਦਾ ਨਤੀਜਾ ਉਥੋਂ ਬਾਹਰ ਕੱਢੇ ਜਾਣਾ, ਜ਼ੁਰਮਾਨਾ ਜਾਂ ਕੈਦ ਹੋ ਸਕਦਾ ਹੈ।

# ਜ਼ੁਰਮਾਂ ਦੀ ਰੋਕਥਾਮ

ਐਲਬਰਟਾ ਪਾਕਰਸ ਨੂੰ ਆਪਣੀਆਂ ਪਾਰਕਾਂ ਅਤੇ ਮਨੋਰੰਜਨ ਏਰੀਆਂ ‘ਚ ਗੰਭੀਰ ਜ਼ੁਰਮਾਂ ਦਾ ਅਨੁਭਵ ਬਹੁਤ ਘੱਟ ਹੋਇਆ ਹੈ। ਤੁਹਾਡੇ ਸਹਯਿੋਗ ਨਾਲ ਅਸੀਂ ਇਸ ਨੂੰ ਇਸੇ ਤਰ੍ਹਾਂ ਰੱਖ ਸਕਦੇ ਹਾਂ:

- ਯਕੀਨੀ ਬਣਾਉ ਕ ਿਤੁਹਾਡਾ ਕੈਂਪੀਂਗ ਦਾ ਸਮਾਨ ਅਤੇ ਕੀਮਤੀ ਵਸਤਾਂ, ਜਦੋਂ ਤੁਸੀਂ ਆਪਣੇ ਸਥਾਨ ‘ਤੋਂ ਪਰ੍ਹੇ ਹੁੰਦੇ ਹੋ, ਸੁਰੱਖਿਆ ਸਹਤਿ ਸਟੋਰ ਕੀਤੀਆਂ ਅਤੇ ਜੀਂਦਰੇ ਅੰਦਰ ਹਨ।
- ਚੋਰਾਂ ਨੂੰ ਰੋਕਣ ਲਈ ਆਪਣੇ ਕੈਂਪੀਂਗ ਦੇ ਸਮਾਨ ਅਤੇ ਕੀਮਤੀ ਚੀਜ਼ਾਂ ਨੂੰ ਨਸ਼ਿਾਨੀ ਲਗਾ ਕੇ ਰੱਖੋ।
- ਭੰਨ-ਤੋੜ/ਖਰਾਬ ਕਰਨ ਦੀਆਂ ਕਾਰਵਾਈਆਂ ਦੀ ਕੰਜ਼ਰਵੇਸ਼ਨ ਅਫਸਰ ਜਾਂ ਪੁਲਸਿ ਨੂੰ ਰਪਿੋਰਟ ਕਰੋ।
- ਚੰਗੇ ਗੁਆਂਢੀ ਬਣੋ - ਇਕ ਦੂਜੇ ਦੀ ਪ੍ਰਾਪਰਟੀ ਦੀ ਸੁਰੱਖਿਆ ‘ਚ ਮਦਦ ਕਰੋ।

# ਯੂ ਏ ਵੀ/ਡਰੋਨ/ਆਰ ਪੀ ਏ ਐੱਸ

ਰਮਿੋਟ ਨਾਲ ਚਲਾਏ ਜਾਣ ਵਾਲੇ ਏਅਰਕਰਾਫਟ ਸਸਿਟਮ (RPAS), ਹੋਰ ਤਰੀਕੇ ਨਾਲ ਜੀਂਨਾਂ ਨੂੰ ਡਰੋਨ ਜਾਂ ਮਨੁੱਖ-ਰਹਤਿ ਹਵਾਈ ਵਾਹਨਾਂ (UAVs) ਵਜੋਂ ਜਾਣਆਿਂ ਜਾਂਦਾ ਹੈ, ਦੀ ਸੂਬਾਈ ਪਾਰਕ ਪ੍ਰਬੰਧ ‘ਚ ਇਜਾਜ਼ਤ ਨਹੀਂ।

# ਕੰਜ਼ਰਵੇਸ਼ਨ ਅਫਸਰ

ਕੰਜ਼ਰਵੇਸ਼ਨ ਅਫਸਰ ਪ੍ਰੋਵੀਂਸ ਆਫ ਐਲਬਰਟਾ ‘ਚ ਪੀਸ ਅਫਸਰ ਹਨ। ਉਹ ਨਯਿਮਾਂ ਦੀ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਜ਼ੀਂਮੇਵਾਰ ਹਨ ਅਤੇ ਉਹ ਸਥਾਨਕ ਅਧਕਿਾਰੀਆਂ ਨਾਲ ਇਹ ਯਕੀਨੀ ਬਣਾਉਣ ਲਈ ਰਲਕੇ ਕੰਮ ਕਰਦੇ ਹਨ ਕ ਿਤੁਹਾਡੀ ਫੇਰੀ ਸੁਖਦਾਇਕ ਅਤੇ ਸੁਰੱਖਿਆ ਹੋਵੇ।

ਖਤਰਨਾਕ ਜੰਗਲੀ ਜੀਵਾਂ ਦੇ ਟਾਕਰੇ, ਨੀੱਜੀ ਜਾਂ ਪਬਲਕਿ ਸੁਰੱਖਿਆ ਨੂੰ ਖਤਰੇ ਜਾਂ ਰੌਲੇ-ਰੱਪੇ ਦੀਆਂ ਗੰਭੀਰ ਸ਼ਕਿਾਇਤਾਂ ਸਬੰਧੀ 310-LAND (5263) ਨਾਲ ਸੰਪਰਕ ਕਰੋ। ਜੇਕਰ ਤੁਹਾਡੇ ਕੋਈ ਸਵਾਲ ਜਾਂ ਆਪਣੇ ਠਹਰਿਾਉ ਦੌਰਾਨ ਤੁਹਾਨੂੰ ਕੋਈ ਮੁਸ਼ਕਲਿਾਂ ਦਾ ਅਨੁਭਵ ਹੁੰਦਾ ਹੈ ਤਾਂ ਪਾਰਕ ਸਟਾਫ ਨਾਲ ਗੱਲ ਕਰੋ।



ਵਾਟਰਫਾਲ -ਰੈਮ ਫਾਲਜ਼ ਪ੍ਰੋਵੀਂਸ਼ੀਅਲ ਪਾਰਕਸ

# ਰੈਗੂਲੇਸ਼ਨ

Alberta Parks

## ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਏ



Alberta

**ਇਹ ਪ੍ਰੋਵਿੰਸ਼ੀਅਲ ਪਾਰਕਸ ਐਕਟ ਅਤੇ ਕਈ ਸਾਰੇ ਹੋਰ ਸੂਬਾਈ ਅਤੇ ਫੈਡਰਲ ਕਾਨੂੰਨ ਜੋ ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆਂ 'ਚ ਮਨੋਰੰਜਨ ਕਾਰਵਾਈਆਂ 'ਤੇ ਲਾਗੂ ਹੁੰਦੇ ਹਨ, ਤਹਤਿ ਕੁਝ ਕੁ ਨਯਿਮਾਂ ਦੀ ਇਕ ਆਮ ਗਾਈਡ ਹੈ। ਇਹ ਬਗੈਰ ਕਸਿੇ ਨੋਟਸਿ ਤੋਂ ਬਦਲੀ ਜਾ ਸਕਦੀ ਹੈ। ਪ੍ਰੋਵਿੰਸ਼ੀਅਲ ਪਾਰਕਸ ਐਕਟ ਅਤੇ ਸੰਪੂਰਨ ਨਯਿਮ ਵੇਖਣ ਵਾਸਤੇ alberta.ca/laws-online-catalogue.aspx 'ਤੇ ਐਲਬਰਟਾ ਕਿੰਗਜ਼ ਪ੍ਰਿੰਟਿਰ ਦਾ ਵੈੱਬਸਾਈਟ ਵੇਖੋ (ਕੈਟਾਲਾਗ ਸਰਚ ਕੀ ਵਰਡ"Provincial Parks Act") ਹੈ)।**

# ਕੈਂਪਗਿ

- ਵਿਅਕਤੀਗਤ ਕੈਂਪਸਾਈਟਾਂ, ਗਰੁੱਪ ਕੈਂਪਗਿ ਏਰੀਏ ਅਤੇ ਬੈਕਕੰਟਰੀ ਕੈਂਪਸਾਈਟਾਂ 'ਤੇ **ਚੈੱਕਆਊਟ ਦਾ ਸਮਾਂ ਬਾਦ ਦੁਪਹਰਿ 2:00 ਵਜੇ ਹੈ**, ਅਤੇ ਬਹੁਤੀਆਂ ਕੰਮਫਰਟ/ਸੁਵਧਿਾਜਨਕ ਸਾਈਟਾਂ 'ਤੇ **ਬਾਦ ਦੁਪਹਰਿ 12 ਵਜੇ** ਹੈ।
- ਸੂਬਾਈ ਕੈਂਪਗਰਾਊਂਡਾਂ 'ਚ ਠਹਰਿਾਵਾਂ ਦੇ ਸਮੇਂ ਦੀ ਹੱਦ 16 ਉਪਰੋਥਲੀ ਰਾਤਾਂ ਹੈ। ਕੇਵਲ 10 ਉਪਰੋਥਲੀ ਰਾਤਾਂ ਰਜ਼ਿਰਵ ਕੀਤੀਆਂ ਜਾ ਸਕਦੀਆਂ ਹਨ, ਇਸ ਲਈ ਜ਼ਰੂਰ ਇਕ ਤੋਂ ਵੱਧ ਰਜ਼ਿਰਵੇਸ਼ਨਾਂ ਕੀਤੀਆਂ ਜਾਣ।
- ਕੈਂਪਗਿ ਦੀਆਂ ਫੀਸਾਂ ਜਦੋਂ ਪ੍ਰਮਟਿ ਜਾਰੀ ਹੁੰਦਾ ਹੈ, ਉਦੋਂ ਦੇਣਯੋਗ ਹਨ। ਕੈਂਪਗਿ ਪ੍ਰਮਟਿ ਨਾ-ਬਦਲਣਯੋਗ ਹਨ।
- ਤੁਹਾਨੂੰ ਜ਼ਰੂਰੀ ਤੌਰ 'ਤੇ ਤੁਹਾਡੇ ਕੈਂਪਗਿ ਪ੍ਰਮਟਿ 'ਤੇ ਦੱਿਤੀ ਗਈ ਜਗਾਹ ਹੀ ਆਪਣੇ ਰਹਿਾਇਸ਼ੀ ਯੂਨਟਿ (ਮਸਿਾਲ ਵਜੋਂ ਤੰਬੂ, ਟਰੇਲਰ, ਆਰ ਵੀ) ਨਾਲ ਮੱਲਣੀ ਚਾਹੀਦੀ ਹੈ। ਜੇਕਰ ਕੋਈ ਰਹਿਾਇਸ਼ੀ ਯੂਨਟਿ ਹਾਜ਼ਰ ਨਹੀਂ ਹੁੰਦਾ, ਤਾਂ ਕੈਂਪਸਾਈਟ ਕਸਿੇ ਹੋਰ ਨੂੰ ਦੱਿਤੀ ਜਾ ਸਕਦੀ ਹੈ।
- ਇਕ ਕੈਂਪਸਾਈਟ 'ਤੇ ਕੈਂਪਗਿ ਦੇ ਰਹਿਾਇਸ਼ੀ ਯੂਨਟਿਾਂ, ਮੋਟਰ ਗੱਡੀਆਂ, ਟੋਅ ਕੀਤੇ ਸਾਜ਼-ਸਮਾਨ ਦੀ ਇਜਾਜ਼ਤਯੋਗ ਗਣਿਤੀ ਤੱਿਨ ਹੈ,
- ਉਨ੍ਹਾਂ ਵਚਿੋਂ ਕੇਵਲ ਦੋ ਨੂੰ ਸੌਣ ਵਾਲੇ ਕੁਆਟਰਾਂ (ਰਹਿਾਇਸ਼ੀ ਯੂਨਟਿਾਂ) ਵਜੋਂ ਵਰਤਆਿ ਜਾ ਸਕਦਾ ਹੈ, ਸਵਿਾਇ ਉਸਦੇ ਕ ਿਜਦੋਂ ਦੋ ਤੰਬੂ ਰਹਿਾਇਸ਼ੀ ਯੂਨਟਿਾਂ ਵਜੋਂ ਵਰਤੇ ਜਾਂਦੇ ਹੋਣ, ਦੋ ਮੋਟਰ ਗੱਡੀਆਂ ਜਾਂ ਇਕ ਮੋਟਰ ਗੱਡੀ ਅਤੇ ਇਕ ਟੋਅ ਕੀਤੇ ਸਾਜ਼-ਸਮਾਨ ਵਾਲੀ ਗੱਡੀ ਦੀ ਇਕ ਕੈਂਪਸਾਈਟ 'ਤੇ ਇਜ਼ਾਜਤ ਹੈ, ਜੇਕਰ ਸਾਈਟ ਕਾਫੀ ਵੱਡੀ ਹੋਵੇ।
- ਕਸਿੇ ਕੈਂਪਸਾਈਟ 'ਤੇ ਕੈਂਪਗਿ ਫੀਸ ਹਰੇਕ ਰਹਿਾਇਸ਼ੀ ਯੂਨਟਿ ਵਾਸਤੇ ਚਾਰਜ ਕੀਤੀ ਜਾਂਦੀ ਹੈ, ਇਸ ਦੇ ਸਵਿਾਇ ਕ ਿਕੈਂਪਸਾਈਟ 'ਤੇ ਇਕ ਜਾਂ ਦੋਵੇਂ ਰਹਿਾਇਸ਼ੀ ਯੂਨਟਿ ਤੰਬੂ ਹੋਣ।
- ਕਸਿੇ ਇਕ ਕੈਂਪਸਾਈਟ 'ਤੇ ਛੇ ਜਣਆਿਂ ਤੋਂ ਵੱਧ ਲੋਕ ਨਹੀਂ ਰਹ ਿਸਕਦੇ, ਸਵਿਾਇ ਇਸਦੇ ਕ ਿਰਹਣਿ ਵਾਲੇ ਸਾਰੇ ਲੋਕ ਇਕ ਹੀ ਪਰਵਿਾਰਕ ਯੂਨਟਿ ਦੇ ਮੈਂਬਰ ਹੋਣ।
- ਕੈਂਪਗਿ ਦੇ ਪ੍ਰਮਟਿਧਾਰਕ ਕੈਂਪਗਿ ਪਾਰਟੀ ਦੇ ਸਾਰੇ ਮੈਂਬਰਾਂ ਅਤੇ ਉਨ੍ਹਾਂ ਦੀ ਕੈਂਪਸਾਈਟ 'ਤੇ ਮਲਿਣ ਆਉਣ ਵਾਲੇ ਸਾਰੇ ਲੋਕਾਂ ਦੀਆਂ ਕਾਰਵਾਈਆਂ ਵਾਸਤੇ ਜ਼ਮਿੇਵਾਰ ਹੋਣਗੇ।
- ਤਰਲ ਅਤੇ ਠੋਸ ਪ੍ਰਕਾਰ ਦਾ ਸਾਰਾ ਕੂੜ-ਕਬਾੜ ਜ਼ਰੂਰ ਮੁਹੱਈਆ ਕੀਤੇ ਗਏ ਕੂੜ-ਦਾਨਾਂ 'ਚ ਹੀ ਸੁੱਟਆਿ ਜਾਵੇ। ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆਂ 'ਚ, ਜੱਿਥੇ ਕੂੜਾ-ਦਾਨ ਮੁਹੱਈਆ ਨਹੀਂ ਕੀਤੇ ਜਾਂਦੇ, ਜਾਂ ਜੇਕਰ ਬੱਿਨ ਬਾਹਰ ਡੁੱਲ੍ਹ ਰਹੇ ਹਨ ਤਾਂ ਕੂੜ-ਕਬਾੜ ਜ਼ਰੂਰ ਸੁੱਟੇ ਜਾਣ ਵਾਸਤੇ ਉਸ ਏਰੀਏ ਤੋਂ ਬਾਹਰ ਲਜਿਾਇਆ ਜਾਵੇ।
- ਕਰਿਪਾ ਕਰਕੇ ਪਾਣੀ ਦੇ ਫੁਹਾਰਆਿਂ, ਟੂਟੀਆਂ, ਖੂਹਾਂ ਅਤੇ ਪਾਣੀ ਦੇ ਭੰਡਾਰਾਂ/ਛਪੜੀਆਂ ਨੇੜੇ ਕੁਝ ਧੋਣ ਜਾਂ ਨਹਾਉਣ ਤੋਂ ਗੁਰੇਜ ਕੀਤਾ ਜਾਵੇ।
- ਸਾਡੀਆਂ ਪਾਰਕਾਂ ਦੀ ਸ਼ਾਂਤੀ ਅਤੇ ਚੁੱਪ-ਚਾਂਦ ਨੂੰ ਮਾਣਨ 'ਚ ਹਰੇਕ ਦੀ ਮਦਦ ਕਰੋ। ਬਹੁਤ ਰੌਲਾ-ਰੱਪਾ ਨਾ ਪਾਉ। ਰੋਲੇ-ਰੱਪੇ ਵਾਲੀਆਂ ਪਾਰਟੀਆਂ ਕਰਨ, ਉੱਚੀ ਆਵਾਜ਼ 'ਚ ਸਟੀਰੀਓ ਵਜਾਉਣ ਅਤੇ ਹੋਰ ਹੰਗਾਮੇ ਵਾਲੇ ਵਰਤਾਉ ਨੂੰ ਕਸਿੇ ਵੀ ਸਮੇਂ ਸਹਣਿ ਨਹੀਂ ਕੀਤਾ ਜਾਵੇਗਾ।
- ਹੋਰਨਾਂ ਦਾ ਧਆਿਨ ਕਰਦਆਿਂ ਹੋਇਆਂ ਪੂਰੇ ਦਨਿ ਦੌਰਾਨ, ਖਾਸ ਕਰਕੇ ਰਾਤ ਵੇਲੇ ਜਨਰੇਟਰ ਅਤੇ ਹੋਰ ਇਲੈਕਟ੍ਰਾਨਕਿ ਯੰਤਰਾਂ ਦੀ ਵਰਤੋਂ ਘੱਟ ਕਰੋ। 11 ਵਜੇ ਸ਼ਾਮ ਤੋਂ 7 ਵਜੇ ਸਵੇਰ ਤੱਕ ਪਾਰਕ ਦੇ ਚੁੱਪ-ਚਾਂਦ ਦੇ ਸਮਆਿਂ ਦੀ ਪਾਲਣਾ ਕਰੋ।
- ਤੇਲ/ਗੈਸ ਨਾਲ ਚੱਲਣ ਵਾਲੇ ਜਨਰੇਟਰਾਂ ਦੀ ਵਰਤੋਂ ਦੀ ਕੁਝ ਚੁਣਵੀਆਂ ਗਰਾਊਂਡਾਂ 'ਤੇ ਕੇਵਲ 9 ਵਜੇ ਸਵੇਰ ਤੋਂ 9 ਵਜੇ ਸ਼ਾਮ ਤੱਕ ਇਜਾਜ਼ਤ ਹੈ। ਵਧੇਰੇ ਜਾਣੋ: albertaparks.ca/generators.
- **ਵਿਅਕਤੀਗਤ ਕੈਂਪਗਰਾਊਂਡ ਸਬੰਧੀ ਮਨਾਹੀਆਂ ਲਾਗੂ ਹੋ ਸਕਦੀਆਂ ਹਨ। ਤਰੋ-ਤਾਜ਼ਾ ਜਾਣਕਾਰੀ ਵਾਸਤੇ ਆਪਣੇ ਪਹੁੰਚਣ ਤੋਂ ਪਹਲਿਾਂ ਕੈਂਪਗਰਾਊਂਡ ਨੂੰ ਫੋਨ ਕਰੋ।**

# ਦਨਿ ਵੇਲੇ ਦੀ ਵਰਤੋਂ

- ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆ 'ਚ ਦਨਿ ਵੇਲੇ ਦੀ ਵਰਤੋਂ ਪਬਲਕਿ ਵਾਸਤੇ 7:00 ਵਜੇ ਸਵੇਰ ਤੋਂ 11:00 ਵਜੇ ਰਾਤ ਤੱਕ ਖੁੱਲ੍ਹੀ ਹੈ।



**ਅੱਗ ਦੇ ਕੋਲ ਕੈਂਪਗਿ ਕਰਨਾਂ - ਸਾਈਪ੍ਰੈੱਸ ਹੱਿਲਜ਼ ਪ੍ਰੋਵਿੰਸ਼ੀਅਲ ਪਾਰਕ**

# ਅੱਗ ਦੀ ਰੋਕਥਾਮ

- ਕੈਂਪਫਾਇਰ ਦੀ ਕੇਵਲ ਮੁਹੱਈਆ ਕੀਤੀਆਂ ਗਈਆਂ ਫੈਸਲਿਟਿੀਆਂ 'ਚ ਹੀ ਇਜਾਜ਼ਤ ਹੈ।
- **ਕਦੇ ਵੀ ਆਪਣੀ ਕੈਂਪਫਾਇਰ ਨੂੰ ਸੁੰਨੀ ਨਾ ਛੱਡੋ।**
- ਜਦੋਂ ਤੁਸੀਂ ਕੈਂਪਸਾਈਟ ਛੱਡ ਕੇ ਜਾਂਦੇ ਹੋ, ਉਸ ਤੋਂ ਪਹਲਿਾਂ ਯਕੀਨੀ ਬਣਾਉ ਕ ਿਕੈਂਪਫਾਇਰ ਪੂਰੀ ਤਰ੍ਹਾਂ ਬੁਝ ਗਈ ਹੈ।
- ਜਦੋਂ ਅੱਗ ਦਾ ਖਤਰਾ ਬਹੁਤ ਜ਼ਆਿਦਾ ਹੋਵੇ, ਅੱਗ 'ਤੇ ਰੋਕ ਅਤੇ/ਜਾਂ ਆਉਣ-ਜਾਣ ਦੀਆਂ ਮਨਾਹੀਆਂ ਲਾਗੂ ਹੋ ਸਕਦੀਆਂ ਹਨ।
- ਪਾਰਕ ਪ੍ਰਬੰਧ 'ਚ ਮੌਜੂਦਾ ਮਨਾਹੀਆਂ ਅਤੇ ਰੋਕਾਂ ਵਾਸਤੇ albertaparks.ca/firebans ਵੇਖੋ।
- ਜੇਕਰ ਅੱਗ ਦਾ ਬਹੁਤ ਜ਼ਆਿਦਾ ਖਤਰਾ ਆਸ ਪਾਸ ਦੇ ਖੇਤਰ 'ਚ ਪਬਲਕਿ ਸੁਰੱਖਆਿ ਲਈ ਖਤਰਾ ਬਣਦਾ ਹੋਵੇ ਤਾਂ ਕੈਂਪਗਰਾਊਂਡਾਂ ਬੰਦ ਹੋ ਸਕਦੀਆਂ ਹਨ।
- ਜੇਕਰ ਤੁਸੀਂ ਕਸਿੇ ਜੰਗਲੀ ਏਰੀਏ 'ਚ ਅੱਗ ਨੂੰ ਵੇਖੋ ਤਾਂ ਝਟਪਟ **310-FIRE (3473)** 'ਤੇ ਰਪਿੋਰਟ ਕਰੋ।

# ਮੋਟਰ ਗੱਡੀਆਂ

- ਕਰਿਪਾ ਕਰਕੇ ਧਆਿਨ ਨਾਲ ਚਲਾਉ ਅਤੇ ਸਪੀਡ ਦੀਆਂ ਸਾਰੀਆਂ ਹੱਦਾਂ ਦੀ ਪਾਲਣਾ ਕਰੋ - ਉਸ ਏਰੀਏ 'ਚ ਬੱਚੇ ਖੇਡਦੇ ਹੋ ਸਕਦੇ ਹਨ ਅਤੇ ਕੈਂਪਗਰਾਊਂਡ ਦੀਆਂ ਸੜਕਾਂ ਨੂੰ ਅਕਸਰ ਰਾਹਾਂ ਵਜੋਂ ਵਰਤਆਿ ਜਾਂਦਾ ਹੈ।
- ਦਰਖਤਾਂ ਅਤੇ ਹੋਰ ਬਨਸਪਤੀ ਨੂੰ ਪੁਜਦੇ ਨੁਕਸਾਨ ਨੂੰ ਰੋਕਣ ਲਈ ਕਰਿਪਾ ਕਰਕੇ ਸਾਰੀਆਂ ਗੱਡੀਆਂ ਨੂੰ ਅਧਕਿਾਰਤ ਸੜਕਾਂ ਉੱਪਰ ਹੀ ਰੱਖੋ।
- ਐਲਬਰਟਾ ਦੀਆਂ ਕੁਝ ਪਾਰਕ ਸਾਈਟਾਂ 'ਤੇ ਆਫ-ਹਾਈਵੇਅ ਵਹੀਕਲ (OHV) ਦੀ ਇਜਾਜ਼ਤ ਹੋ ਸਕਦੀ ਹੈ। ਜਥਿੇ ਇੰਨ੍ਹਾਂ ਦੀ ਇਜ਼ਾਜਤ ਹੋਵੇ, ਚਲਾਉਂਣ ਵਾਲਆਿਂ ਨੂੰ ਜ਼ਰੂਰ ਅਧਕਿਾਰਤ OHV ਟਰੇਲਾਂ ਉੱਪਰ ਹੀ ਰਹਣਿਾ ਚਾਹੀਦਾ ਹੈ ਅਤੇ ਸਾਰੇ ਸਾਈਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। OHV ਦੀ ਜ਼ਮਿੇਵਾਰਾਨਾਂ ਵਰਤੋਂ ਅਤੇ ਕੱਿਥੇ ਇੰਨ੍ਹਾਂ ਦੀ ਇਜ਼ਾਜਤ ਹੈ, ਬਾਰੇ ਵਸਿਥਾਰ albertaparks.ca/searchactivity 'ਤੇ ਲੱਭਆਿ ਜਾ ਸਕਦਾ ਹੈ।

# ਆਤਸ਼ਿਬਾਜੀ

- ਸੂਬਾਈ ਪਾਰਕ ਸਸਿਟਮ ਦੇ ਸਾਰੇ ਏਰੀਆਂ 'ਚ ਆਤਸ਼ਿਬਾਜ਼ੀ ਚਲਾਉਣ ਦੀ ਮਨਾਹੀ ਹੈ।

# ਸ਼ਰਾਬ ਅਤੇ ਭੰਗ

- ਸ਼ਰਾਬ ਦੀ ਵਰਤੋਂ ਦੀ ਰਜਸਿਟਰਡ ਕੈਂਪਸਾਈਟ ਅਤੇ ਕੁਝ ਵਸ਼ਿੇਸ਼ ਤੌਰ 'ਤੇ ਮਥਿੇ ਗਏ ਸੂਬਾਈ, ਦਨਿ ਵੇਲੇ ਦੀ ਵਰਤੋਂ ਦੇ ਏਰੀਆਂ ਦੀਆਂ ਪਕਿਨਕਿ ਸਾਈਟਾਂ 'ਚ 11:00 ਵਜੇ ਸਵੇਰ ਤੋਂ 9:00 ਵਜੇ ਰਾਤ ਤੱਕ ਇਜਾਜ਼ਤ ਹੈ। ਵਧੇਰੇ ਜਾਣੋ: albertaparks.ca/liquor



**ਕੈਨਾਨਾਸਕਸਿ 'ਤੇ ਮੱਛੀਆਂ ਫੜਨਾਂ**

- ਜਦੋਂ ਕੋਈ ALGC ਲੱਕਿਰ ਲਾਈਸੈਂਸ ਮੌਜੂਦ ਹੋਵੇ ਤਾਂ ਵਸ਼ਿੇਸ਼ ਈਵੈਂਟ ਪ੍ਰਮਟਿ ਲੈਣ ਨਾਲ ਸ਼ਰਾਬ ਦੀ ਇਜਾਜ਼ਤ ਹੋ ਸਕਦੀ ਹੈ।
- ਪਬਲਕਿ ਏਰੀਆਂ 'ਚ ਸਰਾਬ ਦੀ ਮਨਾਹੀ ਹੈ, ਜੱਿਨ੍ਹਾਂ 'ਚ ਸ਼ਾਮਲ ਹਨ:
  - ਸੜਕਾਂ, ਟਰੇਲਾਂ ਅਤੇ ਤੁਰਨ ਵਾਲੇ ਰਸਤਆਿਂ ਉੱਪਰ;
  - ਪਬਲਕਿ ਬੀਚਾਂ ਉੱਪਰ;
  - ਵਾਸ਼ਰੂਮਾਂ ਅਤੇ ਸ਼ਾਵਰ ਬਲਿਡੰਿਗਾਂ 'ਚ
  - ਕੁੱਕ ਸ਼ੈਲ਼ਟਰਾਂ 'ਚ; ਅਤੇ
  - ਕਸ਼ਿਤੀਆਂ 'ਚ।
- ਕੰਮਫਰਟ ਕੈਂਪਗਿ ਸਾਈਟਾਂ ਨੂੰ ਛੱਡ ਕੇ ਐਲਬਰਟਾ ਦੀਆਂ ਪਾਰਕਾਂ 'ਚ ਆਉਣ ਵਾਲੇ ਬਾਲਗ ਵਿਅਕਤੀ ਆਪਣੀਆਂ ਰਜਸਿਟਰਡ ਕੈਂਪਸਾਈਟਾਂ 'ਚ ਭੰਗ ਦੀ ਵਰਤੋਂ ਕਰ ਸਕਦੇ ਹਨ (ਆਰ ਵੀਆਂ ਸਮੇਤ, ਜਹਿੜੇ ਕਸਿੇ ਰਜਸਿਟਰਡ ਕੈਂਪਸਾਈਟ 'ਚ ਅਸਥਾਈ ਰਹਿਾਇਸ਼ ਵਜੋਂ ਵਰਤੇ ਜਾਂਦੇ ਹਨ)।
- ਆਉਣ ਵਾਲੇ ਸੈਲਾਨੀ ਉਨ੍ਹਾਂ ਪਬਲਕਿ ਏਰੀਆਂ 'ਚ ਭੰਗ ਦੀ ਵਰਤੋਂ ਕਰ ਸਕਦੇ ਹਨ, ਜੱਿਥੇ ਤੰਬਾਕੂ ਦੀ ਇਜਾਜ਼ਤ ਹੋਵੇ।
- ਮੋਟਰ ਗੱਡੀਆਂ (ਮਤਲਬ ਕਾਰਾਂ, ਟਰੱਕਾਂ, ਐੱਸ ਯੂ ਵੀਆਂ ਅਤੇ ਵੈਨਾਂ) 'ਚ ਭੰਗ ਦੀ ਇਜਾਜ਼ਤ ਨਹੀਂ ਹੈ।
- ਤੰਬਾਕੂ ਅਤੇ ਭੰਗ ਪੀਣ ਅਤੇ ਵੇਪ ਕਰਨ ਦੀ ਪਲੇਅਗਰਾਊਂਡ, ਸਪੋਰਟ ਜਾਂ ਖੇਡ ਦੇ ਮੈਦਾਨਾਂ (ਮਸਿਾਲ ਵਜੋਂ ਬਾਈਕ ਸਕੱਿਲ ਪਾਰਕਾਂ), ਆਊਟਡੋਰ ਥੀਏਟਰਾਂ, (ਮਸਿਾਲ ਵਜੋਂ ਆਊਟਡੋਰ ਪਬਲਕਿ ਐਜੂਕੇਸ਼ਨ ਐਂਪੀਥੀਏਟਰਾਂ) ਅਤੇ ਆਊਟਡੋਰ ਪੂਲਾਂ ਜਾਂ ਸਪਲੈਸ਼ ਪੈਡਾਂ (ਮਸਿਾਲ ਵਜੋਂ ਸਕਿੱਮ ਐਕੁਐਟਕਿ ਫੈਸਲਿਟਿੀ) ਤੋਂ ਪੰਜ ਮੀਟਰ ਦੇ ਅੰਦਰ ਅੰਦਰ ਮਨਾਹੀ ਹੈ।

# ਕਸ਼ਿਤੀ ਚਲਾਉਣਾ

- ਤੈਰਨ ਵਾਲਆਿਂ ਅਤੇ ਕਸ਼ਿਤੀ ਚਾਲਕਾਂ ਦੀ ਸੁਰੱਖਆਿ ਲਈ ਕਰਿਪਾ ਕਰਕੇ ਬੋਟ ਲਾਂਚਾਂ ਅਤੇ ਲੇਕਾਂ ਉਪਰਲੇ ਸਾਰੇ ਸਾਈਨਾਂ ਦੀ ਪਾਲਣਾਂ ਕਰੋ।
- ਪਾਣੀ ਦੇ ਕਸਿੇ ਵੀ ਭੰਡਾਰ 'ਤੇ ਵਰਤੀਆਂ ਜਾਂਦੀਆਂ ਕਸ਼ਿਤੀਆਂ ਦਾ ਕੈਨੇਡਾ ਸ਼ਪਿੰਿਗ ਐਕਟ ਅਤੇ ਰੈਗੂਲੇਸ਼ਨਾਂ ਦੇ ਅਨੁਸਾਰ ਹੋਣਾ ਜ਼ਰੂਰੀ ਹੈ। ਕਸ਼ਿਤੀ ਚਲਾਉਣ ਦੇ ਨਯਿਮਾਂ ਅਤੇ ਕਸ਼ਿਤੀ ਚਲਾਉਣ ਲਈ ਆਮ ਸੁਰੱਖਆਿ ਜਾਣਕਾਰੀ ਵਾਸਤੇ ਟ੍ਰਾਂਸਪੋਰਟ ਕੈਨੇਡਾ ਨਾਲ 1-800-267-6687 'ਤੇ ਸੰਪਰਕ ਕਰੋ ਜਾਂ ਟ੍ਰਾਂਸਪੋਰਟ ਕੈਨੇਡਾ ਦਾ ਮੈਰੀਨ ਟ੍ਰਾਂਸਪੋਰਟੇਸ਼ਨ ਵੈੱਬਸਾਈਟ https://tc.canada.ca/en/marine-transportation ਵੇਖੋ।

# ਮੱਛੀਆਂ ਫੜਨਾਂ

- ਜੇਕਰ ਤੁਸੀਂ 16 ਅਤੇ 65 ਸਾਲ ਦੀ ਉਮਰ ਦੇ ਦਰਮਆਿਨ ਦੇ ਐਲਬਰਟਾ ਨਵਿਾਸੀ ਹੋ ਤਾਂ ਤੁਹਾਨੂੰ ਜ਼ਰੂਰ ਐਲਬਰਟਾ ਐਂਗਲਗਿ ਲਾਈਸੈਂਸ ਲੈਣਾ ਪਵੇਗਾ।
- ਗੈਰ-ਵਾਸੀਆਂ ਨੂੰ, ਭਾਵੇਂ ਕਸਿੇ ਵੀ ਉਮਰ ਦੇ ਹੋਣ, ਜ਼ਰੂਰ ਐਲਬਰਟਾ ਐਂਗਲਗਿ ਲਾਈਸੈਂਸ ਲੈਣਾ ਪਵੇਗਾ।
- ਮੱਛੀ ਫੜਨ ਦੇ ਮੌਸਮਾਂ ਅਤੇ ਫੜਨ ਦੀ ਗਣਿਤੀ ਦੀ ਹੱਦ ਵਾਸਤੇ ਸਲਾਨਾਂ "ਐਲਬਰਟਾ ਗਾਈਡ ਟੂ ਸਪੋਰਟ ਫਸ਼ਿੰਿਗ ਰੈਗੂਲੇਸ਼ਨਜ਼ " ਦਾ ਹਵਾਲਾ ਲਵੋ। ਇਹ ਗਾਈਡ ਛਪੀ ਹੋਈ ਵੀ ਹੈ ਅਤੇ albertaregulations.ca/fishingregs 'ਤੇ ਵੀ ਉਪਲਬਧ ਹੈ।

# ਜੰਗਲੀ ਜੀਵ-ਜੰਤੂ

- ਆਪਣੀ ਸੁਰੱਖਆਿ ਅਤੇ ਜੰਗਲੀ ਜਾਨਵਰਾਂ ਦੇ ਬਚਾਅ ਵਾਸਤੇ ਜੰਗਲੀ ਜਾਨਵਰਾਂ ਦੇ ਕੋਲ ਨਾ ਜਾਉ, ਨਾ ਖੁਆਉ ਅਤੇ ਨਾ ਸਤਾਉ - ਇੰਨ੍ਹਾਂ ਕਾਰਵਾਈਆਂ ਨਾਲ ਜੰਗਲੀ ਜਾਨਵਰਾਂ ਨੂੰ ਜਾਪ ਸਕਦਾ ਹੈ ਕ ਿਉਨ੍ਹਾਂ ਨੂੰ ਖਤਰਾ ਹੋ ਰਹਿਾ ਹੈ। ਡਰਆਿ ਜੰਗਲੀ ਜਾਨਵਰ ਮਨੁੱਖਾਂ ਅਤੇ/ਜਾਂ ਉਨ੍ਹਾਂ ਦੇ ਪਾਲਤੂਆਂ ਲਈ ਖਤਰਾ ਖੜ੍ਹਾ ਕਰ ਸਕਦਾ ਹੈ। **ਸੂਬਾਈ ਪਾਰਕਾਂ ਅਤੇ ਮਨੋਰੰਜਨ ਏਰੀਆਂ 'ਚ ਜੰਗਲੀ ਜੀਵ-ਜੰਤੂਆਂ ਨੂੰ ਖੁਆਉਣਾ ਗੈਰ-ਕਾਨੂੰਨੀ ਹੈ।**
- ਆਪਣਾ ਭੋਜਨ (ਸਮੇਤ ਪਾਲਤੂਆਂ ਦਾ ਭੋਜਨ) ਅਤੇ ਟਾਇਲਟਰੀ ਵਸਤਾਂ ਜਵਿੇਂ ਸਾਬਣ ਅਤੇ ਟੁੱਥਪੇਸਟ ਆਪਣੀ ਗੱਡੀ ਦੇ ਟਰੰਕ 'ਚ ਰੱਖੋ। ਕਦੇ ਵੀ ਇਹ ਵਸਤਾਂ ਆਪਣੇ ਤੰਬੂ ਜਾਂ ਟਰੇਲਰ ਵਚਿ ਨਾ ਲਜਿਾਉ। ਗਾਰਬੇਜ ਨੂੰ ਪਲਾਸਟਕਿ ਬੈਗਾਂ 'ਚ ਸੀਲ ਕਰੋ ਅਤੇ ਉਹ ਗਾਰਬੇਜ ਸੁੱਟਣ ਲਈ ਰੱਿਛ-ਨਰਿੋਧਕ ਬੱਿਨਾਂ ਦੀ ਵਰਤੋਂ ਕਰੋ।

# ਪੌਦੇ ਅਤੇ ਫਾਸਲਿ

- ਸਾਡੀਆਂ ਪਾਰਕਾਂ ਅਤੇ ਮਨੋਰੰਜਨ ਏਰੀਆਂ ਦੇ ਕੁਦਰਤੀ ਸੁਹੱਪਣ ਦੀ ਸੁਰੱਖਆਿ ਕਰੋ, ਪੌਦੇ, ਫਾਸਲਿ ਅਤੇ ਪੱਥਰਾਂ ਨੂੰ ਹਟਾਉਣਾਂ, ਵਗਿਾੜਨਾਂ, ਭੰਨਣਾ ਤੋੜਨਾਂ ਜਾਂ ਨੁਕਸਾਨ ਪੁਚਾਉਣਾ ਗੈਰ-ਕਾਨੂੰਨੀ ਹੈ। ਜ਼ਮੀਨ 'ਤੇ ਪਈ ਸੁੱਕੀ ਲੱਕੜੀ ਨੂੰ ਅੱਗ ਬਾਲਣ ਲਈ ਵਰਤਣਾ ਵੀ ਮਨ੍ਹਾਂ ਹੈ।
- ਜੰਗਲੀ ਫਲ਼ ਤੋੜਨ ਜਾਂ ਖੁੰਬਾਂ ਚੁਗਣ ਦੀ ਇਜ਼ਾਜਤ ਹੋ ਸਕਦੀ ਹੈ, ਜੇਕਰ ਤੁਸੀਂ ਕੰਜ਼ਰਵੇਸ਼ਨ ਅਫਸਰ ਹੋ ਤੋਂ ਜ਼ੁਬਾਨੀ ਮਨਜ਼ੂਰੀ ਲੈ ਲਈ ਹੋਵੇ।



**ਸਕੈਫੋਪੌਂਡ ਅਤੇ ਸਨੇਲ ਫਾਸਲਿ**